ਵਿਸ਼ਾ:-ਆਧੁਨਿਕ ਕੈਟਲ ਸੈਡ ਲਈ ਸਬਸਿਡੀ ਦੇਣ ਦੀ ਰੂਪ ਰੇਖਾ।

---

ਸਾਲ 2008-09 ਲਈ ਰਾਸਟਰੀ ਕਰਿਸੀ ਵਿਕਾਸ ਯੋਜਨਾ ਅਧੀਨ ਉਲੀਕੇ ਗਏ ਪ੍ਰੋਗਰਾਮਾਂ ਵਿੱਚ ਇੱਕ ਮੁੱਖ ਪ੍ਰੋਗਰਾਮ ਰਾਜ ਵਿੱਚ ਡੇਅਰੀ ਫਾਰਮਰਾਂ ਨੂੰ ਆਧੁਨਿਕ ਕੈਟਲ ਸੈਡ ਬਨਾਉਣ ਲਈ ਉਤਸ਼ਾਹਿਤ ਕਰਨ ਦਾ ਹੈ। ਇਸ ਤਜਵੀਜ ਅਧੀਨ 25% ਸਬਸਿਡੀ ਦਾ ਪ੍ਰੋਗਰਾਮ ਇਸ ਸਰਤ ਤੇ ਉਲੀਕਿਆ ਗਿਆ ਹੈ ਕਿ ਵੱਧ ਤੋਂ ਵੱਧ ਸਹਾਇਤਾ 1.50 ਲੱਖ ਰੁਪਏ ਪ੍ਰਤੀ ਫਾਰਮ ਹੋਵੇਗੀ। ਇੱਕ ਹਜਾਰ ਕੈਟਲ ਸੈਡ ਦਾ ਟੀਚਾ ਰੱਖਿਆ ਗਿਆ ਹੈ, ਜਿਸ ਲਈ 15.00 ਕਰੋੜ ਰੁਪਏ ਦੀ ਰਾਸੀ ਮੰਗੀ ਗਈ ਹੈ। ਇਹ ਆਸ ਹੈ ਕਿ ਇਹ ਰਕਮ ਪ੍ਰਵਾਨ ਹੋ ਜਾਵੇਗੀ ਅਤੇ ਮਿਲ ਜਾਵੇਗੀ ਕਿਉਂਕਿ ਇਸ ਪ੍ਰੋਗਰਾਮ ਦੀ ਸਿਫਾਰਸ ਪੰਜਾਬ ਰਾਜ ਫਾਰਮਰਜ ਕਮਿਸਨ ਵੱਲੋਂ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ। ਇਸ ਲਈ ਇਹ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਲੋੜੀਂਦੇ ਦਿਸਾ ਨਿਰਦੇਸ ਨੀਅਤ ਕਰਨ ਦੀ ਲੋੜ ਹੈ। ਇਹ ਦਿਸਾ ਨਿਰਦੇਸ ਹੇਠ ਲਿਖੇ ਅਨੁਸਾਰ ਤਜਵੀਜ ਕੀਤੇ ਜਾਂਦੇ ਹਨ:-

1. ਸਬਸਿਡੀ ਦੀ ਦਰ — 25%
2. ਸਬਸਿਡੀ ਦੀ ਅਧਿਕਤਮ ਹੱਦ — 1.50 ਲੱਖ ਰੁਪਏ ਪ੍ਰਤੀ ਡੇਅਰੀ ਫਾਰਮ
3. **ਲਾਭਪਾਤਰੀ ਦੀ ਯੋਗਤਾ**

- ਉਸ ਨੇ ਮਿਤੀ 01.01.2008 ਤੋਂ ਬਾਦ ਸੈਡ ਬਣਾਇਆ ਹੋਵੇ ਅਤੇ ਦੁਧਾਰੂ ਪਸੂਆਂ ਦੀ ਖਰੀਦ ਮਿਤੀ 01.04.2008 ਤੋਂ ਬਾਦ ਕੀਤੀ ਹੋਵੇ।
- ਡੇਅਰੀ ਵਿਕਾਸ ਵਿਭਾਗ ਵੱਲੋਂ ਪ੍ਰਵਾਨਿਤ ਡਿਜਾਇਨ ਅਤੇ ਮਾਪਦੰਡਾਂ ਅਨੁਸਾਰ ਸੈਡ ਬਣਾਇਆ ਹੋਵੇ।
- ਉਸ ਕੋਲ 10 ਏਕੜ ਤੋਂ ਘੱਟ ਜਮੀਨ ਦੀ ਮਲਕੀਅਤ ਹੋਵੇ।
- ਉਸ ਕੋਲ ਘੱਟ ਤੋਂ ਘੱਟ 10 ਦੁਧਾਰੂ ਪਸੂ ਹੋਣ।
- ਉਸ ਨੇ ਡੇਅਰੀ ਵਿਕਾਸ ਵਿਭਾਗ/ਪੰਜਾਬ ਡੇਅਰੀ ਵਿਕਾਸ ਬੋਰਡ/ਗਡਵਾਸੂ/ਮਿਲਕਫੈਡ ਤੋਂ ਸ਼ਿਖਲਾਈ ਪ੍ਰਾਪਤ ਕੀਤੀ ਹੋਵੇ।
- ਉਸ ਨੇ ਡੇਅਰੀ ਫਾਰਮ ਸਥਾਪਿਤ ਕਰਨ ਲਈ ਡੇਅਰੀ ਵਿਕਾਸ ਵਿਭਾਗ, ਮਿਲਕਫੈਡ ਜਾਂ ਕਿਸੇ ਹੋਰ ਦੁੱਧ ਪਲਾਂਟ ਰਾਹੀਂ ਜਾਂ ਸਿੱਧੇ ਤੌਰ ਤੇ ਬੈਂਕਾਂ ਤੋਂ ਕਰਜਾ ਲਿਆ ਹੋਵੇ।
- ਜੇ ਕਿਸੇ ਲਾਭਪਾਤਰੀ ਨੇ ਆਪਦੇ ਸਾਧਨਾਂ ਰਾਹੀਂ ਦਰਸਾਏ ਮਾਪਦੰਡਾਂ ਰਾਹੀਂ ਸੈਡ ਬਣਾਇਆ ਹੋਵੇਗਾ, ਉਸ ਨੂੰ ਹਲਫੀਆ ਬਿਆਨ ਰੂਪ ਵਿੱਚ ਆਪਣਾ ਬਿਨੈ ਪੱਤਰ ਹੇਠ ਲਿਖੇ ਅਨੁਸਾਰ ਗਠਿਤ ਕਮੇਟੀ ਨੂੰ ਦੇਣਾ ਹੋਵੇਗਾ ਤਾਂ ਕਿ ਬਾਅਦ ਵਿੱਚ ਉਸਦੀ ਰੀਇੰਬਰਸਮੈਂਟ ਕੀਤੀ ਜਾ ਸਕਦੀ ਹੈ।
- ਪਹਿਲ ਉਨਾਂ ਲਾਭਪਾਤਰੀਆਂ ਨੂੰ ਦਿੱਤੀ ਜਾਵੇਗੀ, ਜੋ ਪ੍ਰੋਗਰੈਸਿਵ ਡੇਅਰੀ ਫਾਰਮਰਜ ਐਸੋਸੀਏਸਨ ਦੇ ਮੈਂਬਰ ਹੋਣਗੇ।

4. **ਕਾਰਜ ਵਿਧੀ**

ਲਾਭਪਾਤਰੀ ਨਿਰਧਾਰਿਤ ਪ੍ਰੋਫਾਰਮੇ ਵਿੱਚ ਆਪਣਾ ਬੇਨਤੀ ਪੱਤਰ ਆਪਣੇ ਜਿਲ੍ਹੇ ਦੇ ਡੇਅਰੀ ਵਿਭਾਗ ਦੇ ਅਧਿਕਾਰੀ ਨੂੰ ਸੌਂਪੇਗਾ। ਉਸ ਦੇ ਬਿਨੈ ਪੱਤਰ ਦੀ ਵੈਰੀਫਿਕੇਸਨ ਕਮੇਟੀ ਵੱਲੋਂ ਕੀਤੀ ਜਾਵੇਗੀ, ਜੋ ਹੇਠ ਲਿਖੇ ਅਨੁਸਾਰ ਹੋਵੇਗੀ।

| | |
|---|---|
| ਡੇਅਰੀ ਵਿਕਾਸ ਵਿਭਾਗ ਦਾ ਜਿਲ੍ਹਾ ਅਧਿਕਾਰੀ | ਪ੍ਰਧਾਨ |
| ਸਬੰਧਤ ਬੈਂਕ ਮੈਨੇਜਰ ਜਾਂ ਉਸਦਾ ਨਮਾਇੰਦਾ | ਮੈਂਬਰ |

ਪ੍ਰੋਗਰੈਸਿਵ ਡੇਅਰੀ ਫਾਰਮਰਜ ਐਸੋਸੀਏਸਨ ਦਾ ਉਸ ਜਿਲ੍ਹੇ ਦਾ ਨੁਮਾਇੰਦਾ     ਮੈਂਬਰ

5. ਡੇਅਰੀ ਵਿਕਾਸ ਵਿਭਾਗ ਦਾ ਜਿਲ੍ਹਾ ਅਧਿਕਾਰੀ ਵੈਰੀਫਿਕੇਸਨ ਉਪਰੰਤ ਯੋਗ ਲਾਭਪਾਤਰੀਆਂ ਦੇ ਬਿਨੈ ਪੱਤਰ ਡਾਇਰੈਕਟਰ, ਡੇਅਰੀ ਵਿਕਾਸ ਵਿਭਾਗ ਨੂੰ ਭੇਜੇਗਾ।

6. ਘੋਖ ਉਪਰੰਤ ਯੋਗ ਪਾਏ ਗਏ ਲਾਭਪਾਤਰੀਆਂ ਦੇ ਬੈਂਕ ਖਾਤੇ ਵਿੱਚ ਸਬਸਿਡੀ ਜਮ੍ਹਾਂ ਕੀਤੀ ਜਾਵੇਗੀ।